# ਰੰਗ ਬਰਸੇ ਦਰਬਾਰ ਬਾਬਾ ਜੀ ਤੇਰੇ ਰੰਗ ਬਰਸੇ

ਰੰਗ ਬਰਸੇ ਦਰਬਾਰ, ਬਾਬਾ ਜੀ ਤੇਰੇ ਰੰਗ ਬਰਸੇ ॥
ਤੇਰੀ, ਮਹਿਮਾ ਅਪਰੰਪਰ, ਬਾਬਾ ਜੀ ਤੇਰੇ ਰੰਗ ਬਰਸੇ...
ਰੰਗ ਬਰਸੇ ਦਰਬਾਰ, ਬਾਬਾ ਜੀ ਤੇਰੇ...
( ਜੀ )
ਸੋਹਣੇ ਸੋਹਣੇ ਝੰਡੇ ਤੇਰੀ, ਗੁਫ਼ਾ ਉੱਤੇ ਝੁੱਲ੍ਹਦੇ ।
ਚੰਗਿਆਂ ਮੁਕੱਦਰਾਂ ਦੇ, ਬੂਹੇ ਏਥੋਂ ਖੁੱਲ੍ਹਦੇ ॥
ਤੇਰਾ, ਕਰਨ ਲਈ ਦੀਦਾਰ, ਬਾਬਾ ਜੀ ਤੇਰੇ ਰੰਗ ਬਰਸੇ...
ਰੰਗ ਬਰਸੇ ਦਰਬਾਰ, ਬਾਬਾ ਜੀ ਤੇਰੇ...
( ਜੀ )
ਦੂਰੋਂ ਦੂਰੋਂ ਚੱਲ ਬਾਬਾ, ਸੰਗਤਾਂ ਨੇ ਆਉਂਦੀਆਂ ।
ਢੋਲਕੀ ਤੇ ਛੈਣਿਆਂ ਦੇ, ਨਾਲ ਭੇਟਾਂ ਗਾਉਂਦੀਆਂ ॥
ਤੇਰੀ, ਸ਼ਕਤੀ ਤੋਂ ਬਲਿਹਾਰ, ਬਾਬਾ ਜੀ ਤੇਰੇ ਰੰਗ ਬਰਸੇ...
ਰੰਗ ਬਰਸੇ ਦਰਬਾਰ, ਬਾਬਾ ਜੀ ਤੇਰੇ...
( ਜੀ )
ਘੁੱਲਾ ਸਰਹਾਲੇ ਵਾਲਾ, ਸੱਚੀ ਗੱਲ ਕਹਿੰਦਾ ਏ ।
ਗੁਫ਼ਾ ਵਿੱਚ ਭਗਤਾਂ ਦਾ, ਮੇਲਾ ਲੱਗਾ ਰਹਿੰਦਾ ਏ ॥
ਸਭ, ਕਰਦੇ ਜੈ ਜੈਕਾਰ, ਬਾਬਾ ਜੀ ਤੇਰੇ ਰੰਗ ਬਰਸੇ...
ਰੰਗ ਬਰਸੇ ਦਰਬਾਰ, ਬਾਬਾ ਜੀ ਤੇਰੇ...

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/33040/title/rang-barse-darbar-baba-ji

अपने Android मोबाइल पर BhajanGanga App डाउनलोड करें और भजनों का आनंद ले |